# AJEET KAUR DIYAN KAHANIYAN VICH SAMAJIK SASNTHAVAN DA NIRUPAN

# ਅਜੀਤ ਕੌਰ ਦੀਆਂ ਕਹਾਣੀਆਂ ਵਿੱਚ ਸਮਾਜਿਕ ਸੰਸਥਾਵਾਂ ਦਾ ਨਿਰੂਪਣ

ਇੰਦਰਜੀਤ ਕੌਰ (Inderjeet Kaur)
ਖੋਜਾਰਥਣ, ਪੰਜਾਬੀ ਵਿਭਾਗ
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।
Email ID: Inderjeetkaur1136@gmail.com ਮੋਬਾਈਲ: +91-80543-96223

**ਸਾਰ (Abstract)**

*ਅਜੀਤ ਕੌਰ ਦੀਆਂ ਕਹਾਣੀਆਂ ਵਿੱਚ ਸਾਰੀਆਂ ਸਮਾਜਿਕ ਸੰਸਥਾਵਾਂ ਵਿੱਚ ਮੌਜੂਦ ਤਾਣੇ-ਬਾਣੇ ਤੇ ਇਨ੍ਹਾਂ ਦੀ ਸਮਾਜ ਵਿੱਚਲੀ ਸਾਰਥਿਕਤਾ ਦੀ ਗੱਲ ਹੋਈ ਹੈ। ਲੇਖਿਕਾ ਪਰਿਵਾਰਕ ਬਣਤਰ ਵਿੱਚ ਮੌਜੂਦਾ ਸਥਿਤੀਆਂ ਅਧੀਨ ਆਏ ਨਿਘਾਰ ਕਾਰਨ ਮਨੁੱਖ ਦੁਆਰਾ ਹੰਢਾਏ ਜਾ ਰਹੇ ਸੰਤਾਪ ਨੂੰ ਪੇਸ਼ ਕਰਦੀ ਹੈ। ਸਰਕਾਰੀ ਸੰਸਥਾਵਾਂ ਦੀ ਭ੍ਰਿਸ਼ਟ ਕਾਰਗੁਜ਼ਾਰੀ, ਪੰਜਾਬ ਸੰਕਟ, ਮੀਡੀਆ ਦੀ ਭੂਮਿਕਾ, ਧਰਮ, ਵਿੱਦਿਅਕ ਢਾਂਚੇ ਦੀ ਕਾਰਗੁਜ਼ਾਰੀ ਤੇ ਜਾਤ ਦੇ ਵਖਰੇਵਿਆਂ ਕਾਰਨ ਹੁੰਦੇ ਨੈਤਿਕ ਮੁੱਲਾਂ ਦੀ ਗਿਰਾਵਟ ਅਤੇ ਮਨੁੱਖੀ ਘਾਣ ਨੂੰ ਆਪਣੀਆਂ ਕਹਾਣੀਆਂ ਦਾ ਵਿਸ਼ਾ ਬਣਾਉਂਦੀ ਹੈ। ਇਸਦੇ ਨਾਲ ਹੀ ਉਹ ਸਮਾਜ ਵਿੱਚ ਵਿਚਰਦੇ ਹੋਏ ਮਰਦ-ਔਰਤ ਦੇ ਰਿਸ਼ਤੇ-ਨਾਤੇ ਨੂੰ ਸਭਿਆਚਾਰਕ ਦ੍ਰਿਸ਼ਟੀ ਤੋਂ ਪੇਸ਼ ਕਰਦੀ ਹੈ। ਪੇਂਡੂ ਅਤੇ ਸ਼ਹਿਰੀ ਸਭਿਅਤਾ ਵਿਚਲੇ ਫ਼ਰਕ, ਜਿਸ ਵਿੱਚ ਮਨੁੱਖੀ ਸਾਂਝ ਦੀ ਗੱਲ ਕੀਤੀ ਗਈ ਹੈ। ਕਿਸ ਤਰ੍ਹਾਂ ਮਨੁੱਖ ਦੇ ਸਮਾਜਿਕ ਤੌਰ 'ਤੇ ਵਿਕਾਸ ਕਰਨ ਨਾਲ ਭਾਵੇਂ ਉਸਦੀ ਜਾਂਗਲੀ ਪ੍ਰਵਿਰਤੀ ਨੂੰ ਤਾਂ ਬਹੁਤ ਹੱਦ ਤੱਕ ਸਭਿਅਤਾ ਦੇ ਸਾਂਚੇ ਵਿੱਚ ਢਾਲ ਲਿਆ ਗਿਆ ਹੈ, ਪਰ ਫਿਰ ਵੀ ਉਸ ਅੰਦਰਲੀ ਜਾਂਗਲੀ ਪ੍ਰਵਿਰਤੀ ਪ੍ਰਸਥਿਤੀਆਂ ਦੇ ਉਸ ਉੱਪਰ ਹਾਵੀ ਹੋਣ ਕਾਰਨ ਸਮਾਜ ਵਿੱਚ ਅੱਜ ਵੀ ਵੇਖਣ ਨੂੰ ਮਿਲਦੀ ਹੈ। ਵਿਸ਼ਵ-ਪੱਧਰੀ ਪੂੰਜੀਵਾਦੀ ਪ੍ਰਭਾਵਾਂ ਕਾਰਨ ਸਮਾਜਿਕ ਢਾਂਚੇ ਵਿੱਚ ਆਉਂਦੇ ਬਦਲਾਅ ਜੋ ਹਰ ਵਰਗ ਨੂੰ ਪ੍ਰਭਾਵਿਤ ਕਰਦੇ ਹਨ। ਲੇਖਿਕਾ ਦੀ ਸਾਹਿਤ ਰਚਨਾ ਇੱਕ ਸਾਹਿਤਕਾਰ ਦੇ ਤੌਰ 'ਤੇ ਵਿਸ਼ਵ-ਪੱਧਰ ਉੱਪਰ ਮੌਜੂਦ ਸਥਿਤੀਆਂ ਨੂੰ ਪਾਠਕ ਵਰਗ ਦੇ ਸਾਹਮਣੇ ਪੇਸ਼ ਕਰਦਿਆਂ, ਪਾਠਕਾਂ ਨੂੰ ਸੋਚਣ ਅਤੇ ਸਮਾਜ ਵਿੱਚ ਕੁੱਝ ਸਾਰਥਕ ਕਰਨ ਲਈ ਹਲੂਣਦੀ ਹੈ।*

***ਕੀਵਰਡ (Keyword): ਅਜੀਤ ਕੌਰ, ਕਹਾਣੀਆਂ, ਪਰਿਵਾਰ, ਸਰਕਾਰੀ ਸੰਸਥਾਵਾਂ, ਮੀਡੀਆ, ਨੈਤਿਕਤਾ।***

ਸਮਾਜ ਮਨੁੱਖੀ ਜੀਵਨ ਦੀ ਅਹਿਮ ਪ੍ਰਾਪਤੀ ਹੈ। ਜਿੱਥੇ ਮਨੁੱਖ ਵਿਵਸਥਿਤ ਢੰਗ ਨਾਲ ਵਿਚਰਦਾ ਹੈ। ਇਸ ਵਿਵਸਥਾ ਵਿੱਚ ਮਨੁੱਖ ਇੱਕ ਦੂਜੇ ਨਾਲ ਵਿਆਹ, ਜਾਤ, ਕੰਮ-ਧੰਦੇ, ਧਰਮ, ਰਾਜਨੀਤਿਕ ਅਤੇ ਭਾਈਚਾਰਕ ਸਾਂਝ ਦੇ ਰਾਹੀਂ ਜੁੜਿਆ ਹੁੰਦਾ ਹੈ। ਸਮਾਜਿਕ ਵਿਵਸਥਾ ਵਿੱਚ ਵੱਖ-ਵੱਖ ਸੰਸਥਾਵਾਂ ਦੀ ਜ਼ਬਤ ਅਤੇ ਭਾਈਵਾਲੀ ਨਾਲ ਮਨੁੱਖੀ ਸੁਭਾਅ ਨੂੰ ਕਾਬੂ ਵਿੱਚ ਰੱਖਿਆ ਜਾਂਦਾ ਹੈ। ਸਮਾਜ ਅਜਿਹੀ ਵਿਵਸਥਾ ਹੈ ਜਿਸ ਵਿੱਚ ਮਨੁੱਖ ਇੱਕ-ਦੂਜੇ ਨਾਲ ਮਿਲਦਾ ਜੁਲਦਾ ਹੈ। ਟੈਲਕਟ ਪਾਰਸਨ ਸਮਾਜ ਨੂੰ ਇੱਕ ਜੀਵ (organism) ਦੀ ਤਰ੍ਹਾਂ ਮੰਨਦਾ ਹੈ, ਜਿਸਦੇ ਵੱਖ-ਵੱਖ ਅੰਗਾਂ ਵਿੱਚ ਪਰਿਵਾਰ, ਜਾਤ, ਧਰਮ, ਜਮਾਤ, ਰਾਜਨੀਤਿਕ ਸੰਸਥਾਵਾਂ ਆਉਂਦੀਆਂ ਹਨ। ਇਨ੍ਹਾਂ ਸਭ ਦਾ ਤੰਦਰੁਸਤ ਹੋਣਾ ਬਹੁਤ ਜ਼ਰੂਰੀ ਹੈ, ਜਿਸ ਨਾਲ ਇਨ੍ਹਾਂ ਵਿੱਚ ਆਪਸੀ ਤਾਲ-ਮੇਲ ਬਣਿਆ ਰਹੇ ਤਾਂਕਿ ਸਮਾਜਿਕ ਵਿਵਸਥਾ ਸੁਚਾਰੂ ਢੰਗ ਨਾਲ ਚੱਲਦੀ ਰਹੇ ਅਤੇ ਸਮਾਜ ਦੀ ਵਿਕਾਸ ਪ੍ਰਕਿਰਿਆ ਹੁੰਦੀ ਰਹੇ।

*"ਮਨੁੱਖ ਦੇ ਜੈਵ ਤੇ ਸਾਂਸਕ੍ਰਿਤਿਕ ਇਤਿਹਾਸ ਦੇ ਅਧਿਐਨਾਂ ਨੇ ਮਾਨਵ-ਵਿਗਿਆਨ ਵੱਲ ਰੁਚੀ ਉਤਪੰਨ ਕੀਤੀ। ਜਦੋਂ ਇਹ ਸਿੱਧ ਹੋ ਗਿਆ ਕਿ ਮਨੁੱਖ ਨੀਵੇਂ ਸਰੀਰਕ ਰੂਪਾਂ ਤੋਂ ਵਿਕਸਿਤ ਹੋਇਆ ਹੈ......ਸਾਂਸਕ੍ਰਿਤਿਕ ਮਾਨਵ-ਵਿਗਿਆਨੀਆਂ ਨੇ ਪਹਿਲੀਆਂ ਜਾਤੀਆਂ ਦੇ ਸ਼ੇਸ਼ਾਂ ਵਿੱਚ ਸੰਸਕ੍ਰਿਤੀ ਦੇ ਸਭ ਪ੍ਰਮਾਣਾਂ ਦਾ ਅਧਿਐਨ ਕੀਤਾ।"[1]*

ਸਮਾਜ ਵਿੱਚ ਵਾਪਰੀਆਂ ਇਤਿਹਾਸਕ ਘਟਨਾਵਾਂ ਵਰਤਮਾਨ ਸਮੇਂ ਵਿੱਚ ਵੀ ਸਮਾਜ ਨੂੰ ਪ੍ਰਭਾਵਿਤ ਕਰਦੀਆਂ ਹਨ, ਕਿਉਂਕਿ ਇਹ ਅੰਤਰ ਸੰਬੰਧਿਤ ਹੁੰਦੀਆਂ ਹਨ। ਮਨੁੱਖੀ ਸਮਾਜ ਦਾ ਵਿਕਾਸ ਬਹੁਤ ਲੰਮੇ ਸਮੇਂ ਦਾ ਨਤੀਜਾ ਹੈ। ਜਿਸ ਵਿੱਚ ਵੱਖੋ-ਵੱਖ ਸਮਾਜਾਂ ਨੇ ਆਪਣੇ ਸਮੇਂ ਅਤੇ ਹਾਲਾਤ ਅਨੁਸਾਰ ਨੇਮਾਂ ਦਾ ਨਿਰਮਾਣ ਕਰਿਆ ਹੈ। ਕਿਉਂਕਿ ਮਨੁੱਖ ਦੀ ਜਾਂਗਲੀ ਪ੍ਰਵਿਰਤੀ ਨੂੰ ਕਾਬੂ ਵਿੱਚ ਰੱਖਣ ਲਈ ਇਨ੍ਹਾਂ ਨੇਮਾਂ ਅਤੇ ਸੰਸਥਾਵਾਂ ਦਾ ਨਿਰਮਾਣ ਜ਼ਰੂਰੀ ਸੀ। ਭਾਵੇਂ ਹਰ ਇੱਕ ਮਨੁੱਖ ਦੀ ਆਪਣੀ ਵੱਖੋ-ਵੱਖਰੀ ਹਸਤੀ ਹੋ ਸਕਦੀ ਹੈ, ਪਰ ਆਪਣੇ

 ISSN (Online): 2583-9446

ਸਮਾਜ ਵਿੱਚ ਵਿਚਰਦੇ ਹੋਏ ਉਸਨੂੰ ਇੱਕ ਖ਼ਾਸ ਤਰਤੀਬ ਵਿੱਚ ਚੱਲਣਾ ਪੈਂਦਾ ਹੈ। ਜ਼ਿਆਦਾਤਰ ਇਹ ਨੇਮ ਰੂੜ੍ਹ ਹੁੰਦੇ ਹਨ, ਪਰ ਫ਼ਿਰ ਵੀ ਇਨ੍ਹਾਂ ਵਿੱਚ ਲਗਾਤਾਰ ਬਦਲਾਅ ਆਉਂਦੇ ਰਹਿੰਦੇ ਹਨ ਜੋ ਕਿ ਵਿਕਾਸਸ਼ੀਲ ਸਮਾਜ ਦਾ ਗੁਣ ਹੈ। ਇਨ੍ਹਾਂ ਨੇਮਾਂ ਦੀ ਉਲੰਘਣਾ ਕਰਨ ਨੂੰ ਸਮਾਜਿਕ ਵਿਵਸਥਾ ਦੇ ਖ਼ਿਲਾਫ਼ ਬਗ਼ਾਵਤ ਮੰਨਿਆ ਜਾਂਦਾ ਹੈ। ਇਸ ਸਭਿਅਕ ਵਿਕਾਸ ਦੇ ਨਾਲ-ਨਾਲ ਮਨੁੱਖੀ ਸਭਿਆਚਾਰ ਦਾ ਨਿਰਮਾਣ ਵੀ ਲਗਾਤਾਰ ਹੋਇਆ ਹੈ। ਜੋ ਉਸਨੂੰ ਆਪਣੇ ਵਰਗੇ ਹੋਰ ਸਮਾਜਾਂ ਨਾਲੋਂ ਵੱਖਰਾ ਰੂਪ ਪ੍ਰਦਾਨ ਕਰਦਾ ਹੈ। ਸਮਾਜ ਦੀ ਵਿਆਖਿਆ ਭਾਵੇਂ ਮਨੁੱਖੀ ਸਮਾਜ ਤੱਕ ਹੀ ਸੀਮਿਤ ਨਹੀਂ, ਕਿਉਂਕਿ ਹੋਰ ਜੀਵਾਂ ਵਿੱਚ ਵੀ ਸਮਾਜ ਦੀ ਹੋਂਦ ਵੇਖੀ ਜਾ ਸਕਦੀ ਹੈ, ਪਰ ਆਪਣੀ ਚੇਤੰਨਤਾ ਕਾਰਨ ਮਨੁੱਖੀ ਸਮਾਜ ਹੋਰਨਾਂ ਜੀਵਾਂ ਨਾਲੋਂ ਜ਼ਿਆਦਾ ਪ੍ਰਭਾਵਸ਼ਾਲੀ ਅਤੇ ਗੁੰਝਲਦਾਰ ਵਿਵਸਥਾ ਵਾਲਾ ਸਿੱਧ ਹੋਇਆ ਹੈ।

ਪਰਿਵਾਰ ਸਮਾਜ ਦੀ ਮੂਲ ਕੜੀ ਦੇ ਰੂਪ ਵਿੱਚ ਵਿਚਰਦਾ ਹੈ, ਜਿਸ ਰਾਹੀਂ ਮਨੁੱਖ ਦੀਆਂ ਭਾਵਨਾਤਮਿਕ, ਸਰੀਰਕ ਤੇ ਸਮਾਜਿਕ ਆਦਿ ਮੁੱਢਲੀਆਂ ਲੋੜਾਂ ਦੀ ਪੂਰਤੀ ਹੁੰਦੀ ਹੈ। ਕਹਾਣੀਕਾਰਾ ਅਜੀਤ ਕੌਰ ਨੇ ਆਪਣੀਆਂ ਕਹਾਣੀਆਂ ਵਿੱਚ ਇਨ੍ਹਾਂ ਸਮਾਜਿਕ ਸੰਸਥਾਵਾਂ ਦੀ ਬਣਤਰ ਅਤੇ ਵਰਤਾਰੇ ਨੂੰ ਪਾਠਕਾਂ ਸਾਹਮਣੇ ਪੇਸ਼ ਕੀਤਾ ਹੈ। ਸਾਹਿਤ ਵਿੱਚ ਪੇਸ਼ ਵਿਸ਼ੇ ਦੀ ਪਾਠਕਾਂ ਨਾਲ ਸਾਂਝ ਹੋਣੀ ਚਾਹੀਦੀ ਹੈ ਜੋ ਕਿਸੇ ਵੀ ਰਚਣਹਾਰ ਦੀ ਮੁੱਖ ਪ੍ਰਾਪਤੀ ਹੁੰਦੀ ਹੈ ਅਤੇ ਇਸ ਵਿੱਚ ਲੇਖਿਕਾ ਕਾਮਯਾਬ ਰਹੀ ਹੈ। **'ਇੱਕ ਪੈਰ ਘੱਟ ਤੁਰਨਾ'** ਕਹਾਣੀ ਵਿੱਚ ਪਰਿਵਾਰਕ ਵਿਵਸਥਾ ਉੱਪਰ ਮੌਜੂਦਾ ਦੌਰ ਦੀਆਂ ਪੂੰਜੀਵਾਦੀ ਸਥਿਤੀਆਂ ਦੇ ਭਾਰੂ ਹੋਣ ਨੂੰ ਦਰਸਾਇਆ ਗਿਆ ਹੈ, ਰਸ਼ੀਦ ਦਾ ਇਕਲੌਤਾ ਪੁੱਤਰ ਅਸਲਮ ਪੜ੍ਹਾਈ ਲਈ ਅਮਰੀਕਾ ਜਾਂਦਾ ਹੈ ਤਾਂ ਉੱਥੇ ਹੀ ਪੱਕੇ ਤੌਰ 'ਤੇ ਵੱਸ ਜਾਂਦਾ ਹੈ। ਇੱਧਰ ਰਸ਼ੀਦ ਕੈਂਸਰ ਦੀ ਬਿਮਾਰੀ ਦੇ ਪਤਾ ਲੱਗਣ ਦੀ ਗੱਲ ਕਿਸੇ ਨੂੰ ਨਹੀਂ ਦੱਸਦਾ ਉਸਨੂੰ ਲੱਗਦਾ ਹੈ ਕਿ ਇਹ ਉਸ ਇਕੱਲੇ ਦੀ ਲੜਾਈ ਹੈ। ਆਪਣੀ ਉਮਰ ਦਾ ਜ਼ਿਆਦਾਤਰ ਹਿੱਸਾ ਸ਼ਹਿਰ ਵਿੱਚ ਨੌਕਰੀ ਕਰਦੇ ਹੋਏ ਗੁਜ਼ਾਰ ਦੇਣ ਦੇ ਬਾਵਜੂਦ ਉਸਨੂੰ ਇੰਞ ਲਗਦਾ ਹੈ ਕਿ ਉਹ ਇਸ ਸ਼ਹਿਰ ਦੇ ਜੰਗਲ ਵਿੱਚ ਬਿਲਕੁਲ ਇਕੱਲਾ ਹੈ। ਪਰਿਵਾਰ ਦੀ ਨੀਂਹ ਔਰਤ-ਮਰਦ ਦੋਵਾਂ ਤੋਂ ਬਣਦੀ ਹੈ ਜਿਸ ਵਿੱਚ ਕਿਸੇ ਇੱਕ ਦੀ ਕਮੀ ਵੀ ਸਥਿਤੀਆਂ ਨੂੰ ਡਾਵਾਂਡੋਲ ਕਰ ਦਿੰਦੀ ਹੈ। ਫ਼ਰੀਦਾ ਦੀ ਮੌਤ ਤੋਂ ਬਾਅਦ ਰਸ਼ੀਦ ਮਾਨਸਿਕ ਤੌਰ 'ਤੇ ਇਕੱਲਤਾ ਦਾ ਸ਼ਿਕਾਰ ਹੋਇਆ ਬਿਮਾਰੀ ਦੇ ਪਤਾ ਲੱਗਣ 'ਤੇ ਸ਼ਹਿਰ ਵਿਚਲੀ ਨੌਕਰੀ ਛੱਡਕੇ ਪਿੰਡ ਆ ਜਾਂਦਾ ਹੈ ਜਿੱਥੇ ਉਹ ਪੰਛੀਆਂ ਅਤੇ ਆਪਣੇ ਜੱਦੀ ਘਰ ਵਿੱਚ ਬਚਪਨ ਦੀਆਂ ਯਾਦਾਂ ਨਾਲ ਆਪਣੀ ਬਚੀ ਹੋਈ ਜ਼ਿੰਦਗੀ ਦੀ ਸਾਂਝ ਪਾਉਂਦਿਆਂ ਮੌਤ ਨੂੰ ਜ਼ਿੰਦਾਦਿਲੀ ਨਾਲ ਕਬੂਲਦਾ ਹੈ। ਉੱਥੇ ਸ਼ਹਿਰੀ ਤੇ ਪੇਂਡੂ ਵਿਵਸਥਾ ਵਿਚਲੇ ਫ਼ਰਕ ਦੀ ਵੀ ਗੱਲ ਹੋਈ ਹੈ ਜਿੱਥੇ ਸ਼ਹਿਰ ਵਿੱਚ ਲੰਮਾ ਸਮਾਂ ਰਹਿਣ ਦੇ ਬਾਵਜੂਦ ਮਨੁੱਖ ਅੰਦਰ ਆਪਸੀ ਸਾਂਝ ਦੀ ਘਾਟ ਹੈ, ਦੂਸਰੇ ਪਾਸੇ ਪੇਂਡੂ ਸਭਿਆਚਾਰ ਵਿੱਚ ਅੱਜ ਵੀ ਭਾਈਚਾਰਕ ਸਾਂਝ ਕਾਇਮ ਹੈ। **'ਦੂਜਾ ਡਾਕੂ'** ਕਹਾਣੀ ਵਿੱਚ ਗਣੇਸ਼ੀ ਜਦੋਂ ਤਾਏ ਕੋਲ ਕੰਮ ਲਈ ਸ਼ਹਿਰ ਆਉਂਦਾ ਹੈ ਤਾਂ ਤਾਇਆ ਉਸਨੂੰ ਦੁਤਕਾਰ ਨਹੀਂ ਸਕਿਆ,

> *"ਪਿੰਡ ਦਾ ਬੰਦਾ ਸੀ ਆਖ਼ਰ ਦੁਤਕਾਰ ਵੀ ਕਿਸ ਤਰ੍ਹਾਂ ਦੇਂਦਾ। ਉਹ ਸ਼ਹਿਰੀਆ ਤਾਂ ਨਹੀਂ ਸੀ ਜਿਹੜੇ ਸਕੇ ਮਾਂ-ਪਿਉ ਨੂੰ ਵੀ ਦੁਤਕਾਰ ਦੇਂਦੇ ਨੇ।"*[2]

ਭਾਰਤੀ ਸਮਾਜ ਵਿਚਲੀ ਵਰਗਵੰਡ ਜਨਮ-ਜਾਤ ਆਧਾਰਿਤ ਹੈ। ਜਿੱਥੇ ਪ੍ਰਾਚੀਨ ਸਮੇਂ ਵਿੱਚ ਇਹ ਵੰਡ ਕਿੱਤਾ ਆਧਾਰਿਤ ਸੀ ਜਿਸ ਵਿੱਚ ਬਦਲਾਅ ਦੀ ਪੂਰੀ ਸੰਭਾਵਨਾ ਸੀ, ਪਰ ਸਮਾਜ ਦੇ ਵਿਕਾਸ ਦੇ ਨਾਲ-ਨਾਲ ਇਹ ਵੰਡ ਵੀ ਜਟਿਲ ਹੁੰਦੀ ਗਈ। **'ਦੂਜਾ ਡਾਕੂ'** ਕਹਾਣੀ ਵਿਚਲਾ ਤਾਇਆ ਪਿੰਡ ਦਾ ਪੁਰੋਹਿਤ ਹੈ, ਪਰ ਸ਼ਹਿਰ ਵਿੱਚ ਆਕੇ ਕੰਮ ਦੀ ਜ਼ਰੂਰਤ ਕਾਰਨ ਉਹ ਆਪਣੀ ਜਾਤ ਕਿਸੇ ਨੂੰ ਵੀ ਨਹੀਂ ਦੱਸਦਾ ਕਿ ਕਿਤੇ ਉਸਦੇ ਪੁਰੋਹਿਤ ਹੋਣ ਕਾਰਨ ਮਿੱਲ ਦਾ ਮਾਲਕ ਉਸਨੂੰ ਝਾੜੂ-ਪੋਚੇ ਦੇ ਕੰਮ ਤੋਂ ਵੀ ਜੁਆਬ ਦੇ ਦੇਵੇ। ਜਾਤੀ ਵਰਗ-ਵੰਡ ਦੇ ਨਾਲ ਧਰਮ ਦਾ ਨਾਤਾ ਬਹੁਤ ਪੀਡਾ ਹੈ ਕਿਉਂਕਿ ਸਮੇਂ ਦੇ ਵਿਕਾਸ ਕਰਨ ਨਾਲ ਜਿੱਥੇ ਬ੍ਰਾਹਮਣ, ਖੱਤਰੀ, ਵੈਸ਼, ਸ਼ੂਦਰ ਵਰਣ ਆਧਾਰਿਤ ਕੰਮ ਵੀ ਸਮਾਜਿਕ ਸੰਸਥਾਵਾਂ ਵੱਲੋਂ ਨਿਰਧਾਰਿਤ ਕਰ ਦਿੱਤੇ ਗਏ। ਇਸ ਨਾਲ ਭਾਰਤੀ ਸਮਾਜ ਵਿੱਚ ਵਖਰੇਵਿਆਂ ਦਾ ਵਾਧਾ ਹੋਇਆ। ਇਸ ਵਰਗ-ਵੰਡ ਨਾਲ ਸਮਾਜ ਦੀ ਸਭ ਤੋਂ ਮੂਲ ਵਿਆਹ ਵਿਵਸਥਾ ਵਿੱਚ ਬਹੁਤ ਜ਼ਿਆਦਾ ਜਟਿਲਤਾ ਆ ਗਈ। **'ਨਾ ਮਾਰੋ'** ਕਹਾਣੀ ਵਿੱਚ ਧਰਮ ਆਧਾਰਿਤ ਹੋਈ ਕਤਲੋਗ਼ਾਰਤ ਦੀ ਪੇਸ਼ਕਾਰੀ ਹੋਈ ਹੈ। ਸਰਕਾਰੀ ਵਿਵਸਥਾ ਦੇ ਭ੍ਰਿਸ਼ਟ ਹੋਣ ਕਾਰਨ ਪੰਜਾਬ ਵਿੱਚ ਹੋਏ ਕਤਲੇਆਮ, ਜਿੱਥੇ ਹਿੰਸਕ ਘਟਨਾਵਾਂ ਦਾ ਕੋਈ ਧਰਮ ਨਹੀਂ ਬਲਕਿ ਇਸ ਵਿੱਚ ਸਭ ਤੋਂ ਵੱਧ ਘਾਣ ਆਮ ਲੋਕਾਂ ਦਾ ਹੋਇਆ। ਜਿਸ ਵਿੱਚ ਲੋਕਾਂ ਵੱਲੋਂ ਆਪਸੀ ਰੰਜਿਸ਼ ਤਹਿਤ ਵੀ ਇਨ੍ਹਾਂ ਸਥਿਤੀਆਂ ਦਾ ਆਸਰਾ ਲੈਕੇ ਬੇ-ਕਸੂਰ ਲੋਕਾਂ ਦੇ ਕਤਲ ਕੀਤੇ ਗਏ। **'ਕੁੱਤੇ'** ਕਹਾਣੀ ਵਿੱਚ ਉਨ੍ਹਾਂ ਦੋ ਕੁੜੀਆਂ ਦੀ ਗੱਲ ਹੈ ਜੋ ਸਿਰਫ਼ ਆਪਣੀ ਮਾਂ ਦੇ ਕਹਿਣ 'ਤੇ ਟੋਬੇ ਤੋਂ ਮਿੱਟੀ ਲੈਣ ਗਈਆਂ ਵਾਪਸ ਨਹੀਂ ਆਈਆਂ, ਬਲਕਿ ਪਿੰਡ ਵਾਲਿਆਂ ਨੂੰ ਸਿਰਫ਼ ਉਨ੍ਹਾਂ ਦੀਆਂ ਲਾਸ਼ਾਂ ਹੀ ਬਹੁਤ ਬੁਰੀ ਹਾਲਤ ਵਿੱਚ ਮਿਲੀਆਂ। ਪੁਲਿਸ ਕੋਲ ਰਿਪੋਰਟ ਦਰਜ ਕਰਵਾਉਣ ਗਏ ਦੋਵਾਂ ਦੇ ਮਾਪੇ ਅਤੇ ਪਿੰਡ ਦੇ ਲੋਕਾਂ ਨੂੰ ਥਾਣੇਦਾਰ ਪਰਸ਼ੋਤਮ ਦੇਵ ਡਰਾ ਧਮਕਾ ਕੇ ਵਾਪਸ ਭੇਜ ਦਿੰਦਾ ਹੈ, ਕਿਉਂਕਿ ਇਸ ਸਾਰੀ ਘਟਨਾ

ਵਿੱਚ ਉਸਦੇ ਆਪਣੇ ਵਿਭਾਗ ਦੇ ਲੋਕ ਹੀ ਸਨ। ਕਿਉਂਕਿ ਜੇਕਰ ਤੁਸੀਂ ਐਫ਼.ਆਈ.ਆਰ.(FIR) ਦਰਜ ਨਹੀਂ ਕਰਵਾਉਂਦੇ ਤਾਂ ਕਚਹਿਰੀ ਨਹੀਂ ਜਾ ਸਕਦੇ। ਕਚਹਿਰੀ ਨਹੀਂ ਜਾ ਸਕਦੇ ਤਾਂ ਇਨਸਾਫ਼ ਕਿੱਥੋਂ ਮਿਲਣਾ ਹੈ। ਕਹਾਣੀਕਾਰਾ ਸਮਾਜ ਵਿੱਚ ਲੇਖਕ ਦੇ ਫ਼ਰਜ਼ ਦੀ ਵੀ ਗੱਲ ਕਰਦੀ ਹੈ ਕਿ ਆਪਣੇ ਫ਼ਰਜ਼ਾਂ ਪ੍ਰਤਿ ਜਾਗਰੂਕ ਲੇਖਕ ਸਮਾਜ ਨੂੰ ਬਦਲਣ ਵਿੱਚ ਆਪਣਾ ਯੋਗਦਾਨ ਪਾ ਸਕਦਾ ਹੈ।

*"ਜੇ ਤੁਹਾਡੇ ਲਿਖੇ ਕਿਸੇ ਅੱਖਰ ਨਾਲ ਕੋਈ ਜਾਗ ਪਵੇ, ਕਿਸੇ ਦੇ ਪਿੰਡੇ 'ਤੇ ਚੂੰਡੀ ਵੱਢੀ ਜਾਵੇ ਤੇ ਉਹ ਬੇਦਾਰ ਹੋ ਜਾਵੇ, ਜੇ ਤੁਹਾਡੇ ਲਿਖੇ ਅੱਖਰ ਨਾਲ ਉਹ ਬਘਿਆੜ ਨੰਗੇ ਹੋ ਸਕਣ ਜਿਹੜੇ ਵਰਦੀਆਂ ਹੇਠਾਂ ਤੇ ਸਫ਼ੈਦਪੋਸ਼ ਸ਼ਰੀਫ਼ ਲਿਬਾਸਾਂ ਹੇਠਾਂ ਆਪਣੇ ਖ਼ੂੰਖਾਰ ਲਹੂ ਲਿਬੜੇ ਜਬੜੇ ਤੇ ਛੁਰਿਆਂ ਵਰਗੇ ਤੇਜ਼ ਨਹੁੰਦਰਾਂ ਲੁਕੋਈ ਬੈਠੇ ਨੇ, ਗਿੱਧ, ਜਿਹੜੇ ਜਿਊਂਦਿਆਂ ਦਾ ਮਾਸ ਵੀ ਤਰੂੰਡ ਲੈਂਦੇ ਨੇ..............।"*[3]

ਜਦੋਂ ਪਿੰਡ ਦੇ ਬੰਦਿਆਂ ਵੱਲੋਂ ਇਕੱਠੇ ਹੋ ਰਿਪੋਰਟ ਲਈ ਜ਼ੋਰ ਪਾਇਆ ਜਾਂਦਾ ਹੈ ਤਾਂ ਥਾਣੇਦਾਰ ਵੱਲੋਂ ਉਨ੍ਹਾਂ ਦੀਆਂ ਮਰ ਚੁੱਕੀਆਂ ਜਾਂ ਕਹਿ ਸਕਦੇ ਹਾਂ ਮਾਰੀਆਂ ਗਈਆਂ ਧੀਆਂ ਦੀ ਕਿਰਦਾਰ-ਕੁਸ਼ੀ ਕੀਤੀ ਜਾਂਦੀ ਹੈ ਅਤੇ ਮਾਪਿਆਂ ਉੱਪਰ ਆਪ ਹੀ ਆਪਣੀਆਂ ਧੀਆਂ ਨੂੰ ਮਾਰਨ ਦਾ ਇਲਜ਼ਾਮ ਲਗਾ ਦਿੱਤਾ ਜਾਂਦਾ ਹੈ। ਕਹਾਣੀ ਪੰਜਾਬ ਦੇ ਉਸ ਦੌਰ ਦੀ ਗੱਲ ਵੀ ਕਰਦੀ ਹੈ, ਜਦੋਂ ਪਿੰਡਾਂ ਵਿੱਚੋਂ ਕਦੇ ਵੀ ਕਿਸੇ ਵੀ ਜੁਆਨ ਮੁੰਡੇ ਨੂੰ ਫੜ ਲਿਆ ਜਾਂਦਾ ਸੀ ਕਿਉਂਕਿ ਉਨ੍ਹਾਂ ਦਾ ਮੰਨਣਾ ਸੀ ਕਿ ਪਿੰਡ ਵਾਲਿਆਂ ਨੇ ਆਤੰਕਵਾਦੀ ਮੁੰਡੇ ਲੁਕੋਏ ਹੋਏ ਨੇ ਜਾਂ ਫ਼ਲਾਣੇ ਬੰਦੇ ਰੋਟੀ ਖਾ ਰਾਤ ਕੱਟਕੇ ਗਏ ਨੇ।

*"ਤੇ ਕਦੀ ਤਾਂ ਪਿੰਡ ਦੇ ਜੁਆਨ ਮੁੰਡਿਆਂ ਨੂੰ ਉਂਜ ਈ ਫੜਕੇ ਲੈ ਜਾਂਦੇ ਨੇ। ਮਾਂ ਪਿਉ ਰੋਂਦੇ ਕੁਰਲਾਂਦੇ ਮੁੰਡਾ ਛੁਡਾਉਣ ਗਏ, ਉਹਨਾਂ ਨੂੰ ਵੀ ਛੰਡਿਆ, ਫੇਰ ਝਾੜ ਲਿਆ ਜੋ ਝਾੜ ਸਕਦੇ ਨੇ। ਤੇ ਡਰੇ ਹੋਏ ਮਾਪੇ ਇਹੀ ਸ਼ੁਕਰ ਮਨਾਉਂਦੇ ਘਰ ਆ ਗਏ ਕਿ ਹੋਰ ਕੁੱਝ ਨਹੀਂ ਤਾਂ ਚਲੋ ਸਾਬਤ ਸਬੂਤ ਪੁੱਤਰ ਤਾਂ ਘਰ ਅੱਪੜ ਗਿਆ। ਨਹੀਂ ਤਾਂ.................।"*[4]

ਉਪਰੋਕਤ ਕਹਾਣੀ ਵਿੱਚ ਸਭਿਆਚਾਰਕ ਤੌਰ 'ਤੇ ਪੇਂਡੂ ਵਿਵਸਥਾ ਦੀ ਬਣਤਰ ਅਤੇ ਕਾਰਗੁਜ਼ਾਰੀ ਨੂੰ ਪੇਸ਼ ਕੀਤਾ ਗਿਆ ਹੈ ਕਿਸ ਤਰ੍ਹਾਂ ਪਿੰਡ ਵਿੱਚਲੀ ਸਾਂਝ ਇੱਕ-ਦੂਜੇ ਦੇ ਦੁੱਖ ਤਕਲੀਫ਼ ਵਿੱਚ ਸਾਥ ਦੇਣ ਵਾਲੀ ਬਣਦੀ ਹੈ। ਕਿਸ ਤਰ੍ਹਾਂ ਪਿੰਡ ਦੀਆਂ ਧੀਆਂ ਭੈਣਾਂ ਸਭ ਦੀਆਂ ਸਾਂਝੀਆਂ ਹੁੰਦੀਆਂ ਹਨ। ਦੂਜੇ ਪਾਸੇ ਸ਼ਹਿਰੀ ਵਿਵਸਥਾ ਜਿੱਥੇ ਕੋਈ ਕਿਸੇ ਨੂੰ ਜਾਣਦਾ ਹੀ ਨਹੀਂ ਹੁੰਦਾ। **'ਮੰਗਤਾ'** ਕਹਾਣੀ ਵਿੱਚ ਸਰਕਾਰੀ ਨਿਆਂਇਕ ਵਿਵਸਥਾ ਦੀ ਕਾਰਗੁਜ਼ਾਰੀ 'ਤੇ ਵਿਅੰਗਮਈ ਚੋਟ ਕਰੀ ਗਈ ਹੈ। ਜਿੱਥੇ ਨਿਆਂ ਦੇ ਮਿਲਣ ਵਿੱਚ ਦੋ-ਤਿੰਨ ਪੀੜ੍ਹੀਆਂ ਦੀ ਉਮਰ ਗੁਜ਼ਰ ਜਾਂਦੀ ਹੈ। ਭ੍ਰਿਸ਼ਟ ਅਧਿਕਾਰੀਆਂ ਦੁਆਰਾ ਲਈ ਜਾਂਦੀ ਰਿਸ਼ਵਤ, *'ਜਿਸ ਨਾਲ ਉਹਨਾਂ ਕਿਹੜਾ ਸਵਿਸ ਬੈਂਕਾਂ ਵਿੱਚ ਅਕਾਊਂਟ ਖੋਲ੍ਹ ਲੈਣੇ ਹਨ'* ਵਰਗੀ ਵਿਅੰਗਮਈ ਚੋਟ ਹੈ। ਕਹਾਣੀ ਵਿਚ ਖ਼ਾਲੀ ਪਲਾਟ ਵਿਚ ਪਿਆ ਕੂੜਾ ਭ੍ਰਿਸ਼ਟਾਚਾਰ ਦੇ ਸੰਦਰਭ ਵਿੱਚ ਦਿਖਾਇਆ ਗਿਆ ਹੈ। ਜਿਸਨੂੰ ਇੱਕ ਵਾਰ ਜੇਕਰ ਸਾਫ਼ ਵੀ ਕਰ ਦਿੱਤਾ ਜਾਵੇ ਤਾਂ ਵੀ ਉਹ ਆਪਣੀ ਹੋਂਦ ਫ਼ਿਰ ਤੋਂ ਬਣਾ ਲੈਂਦਾ ਹੈ,

*"ਪਰ ਗੁਆਂਢ ਦੇ ਪਲਾਟ ਵਿੱਚੋਂ ਕੂੜਾ ਚੁਕਵਾਉਣ ਲਈ ਰਿਸ਼ਵਤ ਕਿਸਨੂੰ ਤੇ ਕਿਸ ਤਰ੍ਹਾਂ ਦੇਣੀ ਏ – ਇਹਦੀ ਮੈਨੂੰ ਸਮਝ ਹੀ ਨਾ ਆਉਂਦੀ, ਤੇ ਜੇ ਇੱਕ ਵਾਰੀ ਹੂੰਝਿਆ ਵੀ ਜਾਂਦਾ ਕੂੜਾ, ਤਾਂ ਅਗਲੇ ਦਿਨ ਫੇਰ ਕੂਲਹੇ ਮਟਕਾਕੇ ਤੁਰਦੀਆਂ ਜਮਾਂਦਾਰਨੀਆਂ ਤੇ ਗੁਆਂਢ ਦੇ ਅੱਖੜ ਨੌਕਰ ਪੂਰੀ ਈਮਾਨਦਾਰੀ ਨਾਲ ਉਹਨੂੰ ਵਾਪਸ ਭਰਨ ਲੱਗਦੇ।"*[5]

ਕਹਾਣੀ **'ਦੂਜਾ ਡਾਕੂ'** ਦਾ ਗਣੇਸ਼ੀ ਜਦੋਂ ਮਿੱਲ ਦੀ ਹੁੰਮਸ ਤੋਂ ਤੰਗ ਆਇਆ ਰਾਤ ਨੂੰ ਜਮਨਾ ਨਦੀ ਦੀ ਭਾਲ ਵਿੱਚ ਬਾਹਰ ਨਿੱਕਲਦਾ ਹੈ, ਤਾਂ ਪੁਲਿਸ ਉਸ ਨੂੰ ਚੁੱਕਕੇ ਪੁਲਿਸ ਸਟੇਸ਼ਨ ਲੈ ਜਾਂਦੀ ਹੈ। ਮਨਿਸਟਰ ਸਾਹਿਬ ਦੇ ਕਿਸੇ ਕਰੀਬੀ ਰਿਸ਼ਤੇਦਾਰ ਦੇ ਘਰ ਪਏ ਡਾਕੇ ਵਿੱਚ ਜਿਸ ਦੂਜੇ ਡਾਕੂ ਦੀ ਭਾਲ ਸੀ, ਉਸ ਵਿੱਚ ਗਣੇਸ਼ੀ ਨੂੰ ਝੂਠਾ ਕੇਸ ਬਣਾ ਫੜ ਲਿਆ ਗਿਆ। ਕਿਉਂਕਿ ਇਸ ਡਾਕੇ ਦੀ ਕਾਰਵਾਈ ਦੀ ਖ਼ਾਨਾ-ਪੂਰਤੀ ਬਹੁਤ ਜ਼ਰੂਰੀ ਸੀ।

*"ਜਦੋਂ ਮਨਿਸਟਰ ਸਾਹਿਬ ਹੋਮ ਸੈਕਰੇਟਰੀ 'ਤੇ ਗਰਜਣਗੇ, ਹੋਮ ਸੈਕਰੇਟਰੀ ਆਈ.ਜੀ. ਪੁਲਿਸ 'ਤੇ, ਆਈ.ਜੀ.ਪੁਲਿਸ ਇਲਾਕੇ 'ਤੇ ਗਰਜੇਗਾ, ਇਲਾਕੇ ਦਾ ਡਿਪਟੀ ਹੇਠਲੇ ਅਸਿਸਟੈਂਟ ਕਮਿਸ਼ਨਰ 'ਤੇ ਅਸਿਸਟੈਂਟ ਕਮਿਸ਼ਨਰ ਥਾਣੇਦਾਰ 'ਤੇ, ਤਾਂ ਥਾਣੇਦਾਰ ਹੱਕ ਬਨਾਜਬ ਏ, ਜੇ ਉਹ ਸਿਪਾਹੀਆਂ 'ਤੇ ਗਰਜੇ।"*[6]

**'ਮੌਤ ਅਲੀ ਬਾਬੇ ਦੀ'** ਕਹਾਣੀ ਵਿੱਚ ਸਮਾਜ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੇ ਮੀਡੀਆ ਦੇ ਪਾਜ ਨੂੰ ਉਘਾੜਿਆ ਗਿਆ ਹੈ। ਕਿਸ ਤਰ੍ਹਾਂ ਮੀਡੀਆ ਸੱਚ ਨੂੰ ਸਾਹਮਣੇ ਲਿਆਉਣ ਦੀ ਬਜਾਏ ਪੈਸੇ ਵਾਲਿਆਂ ਹੱਥੋਂ ਵਿਕ ਜਾਂਦਾ ਹੈ। ਰਾਮ ਲਾਲ ਮਿਊਂਸੀਪੈਲਿਟੀ ਕਲਰਕ ਦੇ ਆਤਮ-ਹੱਤਿਆ ਕਰਨ ਤੋਂ ਬਾਅਦ ਉਸਦੀ ਮੌਤ ਅਤੇ ਵਿਭਾਗ ਵਿੱਚ ਹੋਈ ਰਿਸ਼ਵਤਖ਼ੋਰੀ ਨੂੰ ਖ਼ੁਰਦ-ਬੁਰਦ ਕਰਨ ਲਈ, ਰਾਮ ਲਾਲ ਨੂੰ ਹੀ ਮੀਡੀਆ ਅਤੇ ਉਸਦੇ ਵਿਭਾਗ ਵੱਲੋਂ ਬੇਈਮਾਨੀ ਕਰਨ ਦੇ ਝੂਠੇ ਕੇਸ ਦਾ ਦੋਸ਼ੀ ਕਰਾਰ ਦਿੱਤਾ ਗਿਆ। ਮੀਡੀਆ ਵਾਲੇ ਤੇ ਵਿਭਾਗ ਦੇ ਲੋਕ ਰਾਮ ਲਾਲ ਦੀ ਹੋਈ ਮੌਤ ਦਾ ਸੌਦਾ ਕਰ ਰਹੇ ਸਨ।

*"ਅਖ਼ਬਾਰ ਵਾਲੇ ਦਿਲ ਵਿੱਚ ਇਹੀ ਸੋਚਕੇ ਹੱਸੀ ਜਾਂਦੇ ਨੇ ਕਿ ਪੀ.ਆਰ.ਓ. ਤਵਾਇਫ਼ ਦਾ ਪੇਸ਼ਾ ਕਰ ਰਿਹਾ ਹੈ ਤੇ ਪੀ.ਆਰ.ਓ. ਇਹੀ ਸੋਚਕੇ ਖ਼ੁਸ਼ ਹੋਈ ਜਾਂਦਾ ਏ ਕਿ ਇਹ ਹਜ਼ਾਰ ਦੇ ਹਜ਼ਾਰ ਤਨਖ਼ਾਹ ਲੈਣ ਵਾਲੇ ਸਾਲੇ ਰਿਪੋਟਰ ਆਪਣੀ ਜੇਬ ਵਿੱਚੋਂ ਤਾਂ ਠੱਰਾ ਵੀ ਨਹੀਂ ਪੀ ਸਕਦੇ, ਤੇ ਹੁਣ ਸਕਾੱਚ ਪੀਕੇ ਆਪਣੀ ਕਲਾਸ ਦੀ ਤਵਾਇਫ਼ੀ 'ਤੇ ਐਸ਼ ਕਰ ਰਹੇ ਨੇ।"*[7]

ਸਕੂਲ ਦੀ ਛੱਤ ਹੇਠ ਆਕੇ ਮਰੇ ਬੱਚਿਆਂ ਅਤੇ ਰਾਮ ਲਾਲ ਨੂੰ ਤਾਂ ਇਨਸਾਫ ਨਹੀਂ ਮਿਲਿਆ ਪਰ ਠੇਕੇਦਾਰ ਵੱਲੋਂ ਕਾਊਂਸਲਰ ਸਾਹਿਬ ਦੀ ਕੋਠੀ ਪੂਰੀ ਪੁਖ਼ਤਾ ਜ਼ਰੂਰ ਬਣਾਈ ਗਈ ਹੈ। ਅਜੀਤ ਕੌਰ ਆਪਣੀਆਂ ਕਹਾਣੀਆਂ ਵਿੱਚ ਸਮਾਜਿਕ ਸੰਸਥਾਵਾਂ ਵਿੱਚ ਆ ਚੁੱਕੀ ਨੈਤਿਕ ਗਿਰਾਵਟ, ਭ੍ਰਿਸ਼ਟ ਵਿਵਸਥਾ ਦੇ ਤਾਣੇ-ਬਾਣੇ ਨੂੰ ਪੇਸ਼ ਕਰਦੀ ਹੈ। ਮਨੁੱਖ ਦੁਆਰਾ ਬਣਾਈਆਂ ਇਹ ਸੰਸਥਾਵਾਂ ਸਮਾਜ ਦੇ ਸਭਿਅਕ ਵਿਕਾਸ ਤੇ ਚੰਗੇ ਜੀਵਨ ਲਈ ਜ਼ਰੂਰੀ ਹਨ, ਪਰ ਇਨ੍ਹਾਂ ਵਿੱਚ ਆ ਚੁੱਕੇ ਨਿਘਾਰ ਕਾਰਨ ਆਮ ਮਨੁੱਖ ਲਈ ਇਹ ਮੁਸ਼ਕਿਲਾਂ ਹੀ ਵਧਾ ਰਹੀਆਂ ਹਨ। ਸਮਾਜਿਕ ਅਤੇ ਰਾਜਨੀਤਿਕ ਪੱਧਰ 'ਤੇ ਫੈਲੇ ਭ੍ਰਿਸ਼ਟਾਚਾਰ ਦੇ ਬਹੁਤ ਸਾਰੇ ਕਾਰਨ ਹੋ ਸਕਦੇ ਹਨ ਜਿਨ੍ਹਾਂ ਵਿੱਚ ਆਰਥਿਕ ਸੰਕਟ, ਆਰਥਿਕ ਪੱਧਰ 'ਤੇ ਪਛੜੇਵਾਂ ਕਈ ਪ੍ਰਕਾਰ ਦੀਆਂ ਬੁਰਾਈਆਂ ਨੂੰ ਜਨਮ ਦਿੰਦਾ ਹੈ, ਜਿਸ ਨਾਲ ਇਖ਼ਲਾਕੀ ਪੱਧਰ 'ਤੇ ਸਮਾਜ ਵਿੱਚ ਗਿਰਾਵਟ ਵੇਖੀ ਜਾਂਦੀ ਹੈ। ਮਨੁੱਖੀ ਮਨ ਦੀਆਂ ਜਮਾਂਦਰੂ ਸੰਰਚਨਾਵਾਂ, ਸੁਭਾਵਿਕ ਸਮਾਜਿਕ ਅਤੇ ਸਭਿਆਚਾਰਕ ਲੋੜਾਂ ਕਾਰਨ, ਮਨੁੱਖ ਇੱਕ ਅਜਿਹਾ ਜੀਵ ਹੈ, ਜਿਸਨੂੰ ਪੂਰੀ ਤਰ੍ਹਾਂ ਨਿਯੰਤਰਣ ਅਧੀਨ ਨਹੀਂ ਰੱਖਿਆ ਜਾ ਸਕਦਾ। ਮਨੁੱਖੀ ਮਨ ਇਕੋ ਸਮੇਂ ਬੁਨਿਆਦੀ ਤਾਰਕਿਕਤਾ ਦੇ ਨਿਯਮਾਂ ਦੀ ਪਾਲਣਾ ਵੀ ਕਰਦਾ ਹੈ, ਪਰ ਨਾਲ ਹੀ ਸਿਰਜਣਾਤਮਕ ਆਜ਼ਾਦੀ ਲਈ ਵੀ ਤਾਂਘਦਾ ਹੈ। ਘਟਨਾਵਾਂ ਰਿਸ਼ਤਿਆਂ ਦੇ ਅੰਤਰ-ਜਾਲ ਵਿੱਚ ਬੱਝੇ ਮਨੁੱਖਾਂ ਦੇ ਜਜ਼ਬਿਆਂ ਜਾਂ ਮਨੋਭਾਵਾਂ ਦੇ ਨਿਰੰਤਰ ਵੇਗ ਵਿੱਚੋਂ ਆਪਣਾ ਰੂਪ ਅਤੇ ਆਕਾਰ ਗ੍ਰਹਿਣ ਕਰਦੀਆਂ ਹਨ। ਡਾ. ਹਰਿਭਜਨ ਸਿੰਘ ਅਨੁਸਾਰ,

*"ਇਹ ਸਮਾਜ ਵੀ ਖਾਸੀ ਚੀੜ੍ਹੀ ਸ਼ੈਅ ਹੈ, ਇਸਨੂੰ ਸੁਚੇਤ ਬੋਲ ਵਾਂਗ ਖ਼ਾਰਜ ਕਰ ਦਿਉ ਤਾਂ ਇਹ ਅਚੇਤ ਖ਼ਾਮੋਸ਼ੀ ਬਣਕੇ ਹਾਜ਼ਰ ਰਹਿੰਦੀ ਹੈ।"*[8]

ਕਹਾਣੀ ਅਜਿਹੀ ਗਲਪੀ ਬਿਰਤਾਂਤਕ ਵਿਧਾ ਹੈ। ਜੋ ਜੀਵਨ ਯਥਾਰਥ ਦਾ ਪ੍ਰਤਿਬਿੰਬ ਹੈ। ਕਹਾਣੀ ਵਿੱਚ ਵਿਚਾਰਧਾਰਾ ਦਾ ਦਖ਼ਲ ਕਹਾਣੀਕਾਰ ਦੀ ਭਾਸ਼ਾ ਚੋਣ ਅਤੇ ਇਸਦੀ ਪ੍ਰਸਤੁਤੀ ਨਾਲ ਹੀ ਸ਼ੁਰੂ ਹੋ ਜਾਂਦਾ ਹੈ। ਭਾਸ਼ਾ ਵਿੱਚ ਉਹ ਸਾਰੀਆਂ ਧਾਰਨਾਵਾਂ ਅਤੇ ਸੰਕਲਪ ਮੌਜੂਦ ਹਨ, ਜੋ ਪਹਿਲਾਂ ਹੀ ਪੱਕੇ ਹੁੰਦੇ ਹਨ। ਹਰ ਵਿਅਕਤੀ ਕੋਲ ਉਸ ਸਮਾਜ ਦਾ ਇੱਕ ਬਿੰਬ ਹੁੰਦਾ ਹੈ ਜੋ ਕਿ ਵਾਸਤਵਿਕਤਾ ਦੇ ਉਤਪਾਦਨ ਦਾ ਸਰੋਤ ਹੈ। ਮਨੁੱਖ ਆਪਣੇ ਆਲੇ-ਦੁਆਲੇ ਸਿਰਜੇ ਵਰਤਾਰੇ ਨੂੰ ਸਮਝਣ ਲਈ, ਆਪਣੀ ਹੋਂਦ ਨੂੰ ਵਿਆਖਿਆਉਣ ਲਈ ਪ੍ਰਾਪਤ ਇਤਿਹਾਸਕ ਅਤੇ ਮਿਥਿਹਾਸਕ ਸਰੋਤਾਂ ਦਾ ਆਸਰਾ ਲੈਂਦਾ ਹੈ। ਕਹਾਣੀ ਰਚਨਾ ਖ਼ਪਤ ਅਤੇ ਉਪਭੋਗੀ ਸਭਿਆਚਾਰ ਵਾਲੇ ਅਵਚੇਤਨ ਦੀ ਡੂੰਘੀ ਸੰਰਚਨਾ ਦੀ ਬਿਰਤਾਂਤਕਾਰੀ ਕਰ ਰਹੀ ਹੈ। ਇਸ ਪ੍ਰਭਾਵ ਦੇ ਤਹਿਤ ਸਭਿਆਚਾਰ, ਸੰਸਕਾਰ ਅਤੇ ਮਰਿਆਦਾਵਾਂ ਖੁਰਦੀਆਂ ਜਾ ਰਹੀਆਂ ਹਨ।

ਕਿਸੇ ਵੀ ਸਮਾਜ ਨੂੰ ਸਮੂਹਿਕ ਰੂਪ ਵਿੱਚ ਬੰਨਕੇ ਰੱਖਣ ਅਤੇ ਬਾਹਰੀ ਮਾਰੂ ਤਾਕਤਾਂ ਤੋਂ ਬਚਾਅ ਲਈ ਸਮਾਜਿਕ ਸੰਸਥਾਵਾਂ ਦੀ ਜ਼ਰੂਰਤ ਹੁੰਦੀ ਹੈ। ਇਹ ਸੰਸਥਾਵਾਂ ਸਮਾਜ ਵਿੱਚ ਕਦਰਾਂ-ਕੀਮਤਾਂ ਦੀਆਂ ਸੰਚਾਲਕ ਬਣਦੀਆਂ ਹਨ, ਜਿਸ ਨਾਲ ਮਜ਼ਬੂਤ ਸੰਗਠਿਤ ਸਮਾਜ ਦਾ ਨਿਰਮਾਣ ਹੁੰਦਾ ਹੈ। ਭਾਵੇਂ ਇਨ੍ਹਾਂ ਵਿੱਚ ਸਮੇਂ-ਸਮੇਂ 'ਤੇ ਕਈ ਬੁਰਾਈਆਂ ਪ੍ਰਵੇਸ਼ ਕਰ ਜਾਂਦੀਆਂ ਹਨ, ਪਰ ਫਿਰ ਵੀ ਇਹ ਸਭਿਅਕ ਸਮਾਜ ਵਿੱਚ ਸੁਰੱਖਿਅਤ ਰਹਿਣ, ਬਾਹਰੀ ਜਾਂ ਅੰਦਰੂਨੀ ਖ਼ਤਰਿਆਂ ਤੋਂ ਬਚਣ ਵਿੱਚ ਮਦਦਗਾਰ ਸਾਬਿਤ ਹੁੰਦੀਆਂ ਹਨ। ਸਾਹਿਤ ਦੀ ਹਰ ਵਿਧਾ ਵਿਸ਼ੇਸ਼ ਸਮਾਜਿਕ ਪ੍ਰਸਥਿਤੀਆਂ ਤੇ ਇਤਿਹਾਸਕ ਦੌਰ ਦੀ ਪੈਦਾਵਾਰ ਹੁੰਦੀ ਹੈ। ਕਈ ਵਾਰ ਕਿਸੇ ਬਿਮਾਰੀ ਦੇ ਸਾਡੇ ਸਰੀਰ ਵਿੱਚ ਪੈਦਾ ਹੋ ਜਾਣ 'ਤੇ ਸਾਨੂੰ ਉਸਦਾ ਪਤਾ ਨਹੀਂ ਲੱਗਦਾ ਅਤੇ ਉਹ ਵਕਤ ਆਉਣ 'ਤੇ ਸਰੀਰ ਲਈ ਘਾਤਕ ਸਿੱਧ ਹੁੰਦੀ ਹੈ। ਇਸੇ ਤਰ੍ਹਾਂ ਸਮਾਜ ਵਿੱਚ ਵੀ ਵਾਪਰਦਾ ਹੈ। ਜਦੋਂ ਕੋਈ ਗ਼ਲਤ ਰੁਝਾਨ ਸਮਾਜ ਵਿੱਚ ਫੈਲਦਾ ਹੈ ਤਾਂ ਉਹ ਸਮੁੱਚੇ ਸਮਾਜ ਲਈ ਘਾਤਕ ਸਿੱਧ ਹੁੰਦਾ ਹੈ। ਪੰਜਾਬੀ ਸਮਾਜ ਵਿੱਚ ਵੀ ਸਮੇਂ-ਸਮੇਂ ਅਜਿਹੇ ਕਈ ਰੁਝਾਨ ਪ੍ਰਚੱਲਿਤ ਰਹੇ ਜੋ ਸਮੁੱਚੇ ਪੰਜਾਬ ਲਈ ਬੜੇ ਖ਼ਤਰਨਾਕ ਸਿੱਧ ਹੋਏ ਹਨ। ਕਹਾਣੀਆਂ ਦਾ ਮੰਤਵ ਪ੍ਰਸਥਿਤੀਆਂ ਦੀ ਹਕੀਕਤ ਨੂੰ ਪੇਸ਼ ਕਰਨਾ ਹੈ। ਸਾਹਿਤਕਾਰ ਆਪਣੀਆਂ ਸੀਮਾਵਾਂ ਅਤੇ ਆਪਣੇ ਦ੍ਰਿਸ਼ਟੀਕੋਣ ਅਨੁਸਾਰ ਜ਼ਿੰਦਗੀ ਤੋਂ ਲਏ ਗਏ ਵਰਤਾਰਿਆਂ ਦੀ ਵਿਆਖਿਆ ਕਰਦਾ ਹੈ।

ਸਮੁੱਚੇ ਤੌਰ 'ਤੇ ਅਜੀਤ ਕੌਰ ਦੀਆਂ ਕਹਾਣੀਆਂ ਵਿੱਚ ਮੁੱਖ ਜ਼ੋਰ ਪਾਤਰ-ਚਿਤ੍ਰਣ ਦੀ ਥਾਂ ਕਹਾਣੀ ਵਿਚਲੀਆਂ ਪ੍ਰਸਥਿਤੀਆਂ ਨੂੰ ਉਘਾੜਕੇ ਉਨ੍ਹਾਂ ਦੇ ਅੰਤਰਗਤ ਪਾਤਰਾਂ ਦੇ ਬਿੰਬ ਨੂੰ ਉਸਾਰਨਾ ਹੈ। ਇਸ ਤਰ੍ਹਾਂ ਇਨ੍ਹਾਂ ਰਚਨਾਵਾਂ ਵਿੱਚੋਂ ਅਸੀਂ ਸਮਾਜਿਕ ਤੌਰ 'ਤੇ ਸੇਧ ਲੈਕੇ ਆਪਣੇ ਸਮਾਜ ਵਿੱਚ ਪਨਪੀਆਂ ਬੁਰਾਈਆਂ ਨੂੰ ਖਤਮ ਕਰ ਸਕਦੇ ਹਾਂ। ਕਿਉਂਕਿ ਮਨੁੱਖ ਦਾ ਸੁਭਾਅ ਉਸਦੇ ਆਲੇ-ਦੁਆਲੇ ਅਤੇ ਕੁਦਰਤੀ ਹਾਲਾਤਾਂ ਅਧੀਨ ਸਿਰਜਿਤ ਹੁੰਦਾ ਹੈ। ਇਨ੍ਹਾਂ ਦਾ

ਪ੍ਰਭਾਵ ਆਉਣ ਵਾਲੀਆਂ ਪੀੜ੍ਹੀਆਂ 'ਤੇ ਵੱਖੋ-ਵੱਖ ਤਰ੍ਹਾਂ ਦਾ ਪੈਂਦਾ ਹੈ। ਸਮਾਜ ਵਿੱਚ ਨੈਤਿਕ ਪੱਧਰ 'ਤੇ ਸੁਧਾਰ ਲਿਆਉਣ ਲਈ ਸਾਂਝੇ ਤੌਰ 'ਤੇ ਕੋਸ਼ਿਸ ਕਰਨ ਦੀ ਜ਼ਰੂਰਤ ਹੈ ਤਾਂਕਿ ਇੱਕ ਚੰਗੇ ਸਮਾਜ ਅਤੇ ਤੰਦਰੁਸਤ ਭਵਿੱਖ ਦਾ ਨਿਰਮਾਣ ਹੋ ਸਕੇ।

## ਹਵਾਲੇ ਅਤੇ ਟਿੱਪਣੀਆਂ


1. ਸੇਖੋਂ, ਸੰਤ ਸਿੰਘ(ਅਨੁਵਾਦਕ), ਵਿਸ਼੍ਵ ਸਭਿਅਤਾ ਦਾ ਇਤਿਹਾਸ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1966, ਪੰਨਾ: 556
2. ਅਜੀਤ ਕੌਰ, ਨਾ ਮਾਰੋ, ਨਵਯੁੱਗ ਪਬਲਿਸ਼ਰਜ਼, ਨਵੀਂ ਦਿੱਲੀ, 2008, ਪੰਨਾ: 102-103
3. -ਉਹੀ-, ਪੰਨਾ: 118
4. -ਉਹੀ-, ਪੰਨਾ: 122-123
5. -ਉਹੀ-, ਪੰਨਾ: 57
6. -ਉਹੀ-, ਪੰਨਾ: 109
7. ਅਜੀਤ ਕੌਰ, ਮੌਤ ਅਲੀ ਬਾਬੇ ਦੀ, ਨਵਯੁੱਗ ਪਬਲਿਸ਼ਰਜ਼, ਨਵੀਂ ਦਿੱਲੀ, 1985, ਪੰਨਾ: 13-14
8. ਡਾ.ਹਰਿਭਜਨ ਸਿੰਘ, ਇੱਕ ਖ਼ਤ ਤੇਰੇ ਨਾਂ, ਫ਼ਕੀਰ ਸਿੰਘ ਐਂਡ ਸੰਨਜ਼, ਅੰਮ੍ਰਿਤਸਰ, ਪੰਨਾ: 107